# Press Note

**JAGAT GURU NANAK DEV**
**PUNJAB STATE OPEN UNIVERSITY PATIALA**
(Established by Act No.19 of 2019 of Legislature of the State of Punjab)

**PSOU/PRO/2025/213** | **Date: 18 December 2025**

**ਓਪਨ ਯੂਨੀਵਰਸਿਟੀ ਵੱਲੋਂ ਪੀ.ਐਚ.ਡੀ. ਪ੍ਰੋਗਰਾਮ ਦਾ ਆਗਾਜ਼**
**18 ਦਸੰਬਰ 2025**

ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ (JGND PSOU), ਪਟਿਆਲਾ ਵੱਲੋਂ ਪ੍ਰੋ. (ਡਾ.) ਰਤਨ ਸਿੰਘ, ਵਾਈਸ-ਚਾਂਸਲਰ, ਦੀ ਯੋਗ ਅਗਵਾਈ ਹੇਠ ਜਨਵਰੀ 2026 ਲਈ ਯੂ.ਜੀ.ਸੀ. ਰੈਗੂਲੇਸ਼ਨਸ, 2022 ਦੇ ਅਧੀਨ ਪੀਐਚਡੀ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਪ੍ਰੋ. (ਡਾ.) ਰਤਨ ਸਿੰਘ, ਵਾਈਸ-ਚਾਂਸਲਰ, ਵੱਲੋਂ ਪੀ.ਐਚ.ਡੀ. ਪ੍ਰੋਸਪੈਕਟਸ ਜਾਰੀ ਕੀਤਾ ਗਿਆ।

ਪ੍ਰੋ. (ਡਾ.) ਰਤਨ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਦਾ ਮੁੱਖ ਉਦੇਸ਼ ਗੁਣਵੱਤਾ-ਅਧਾਰਿਤ ਖੋਜ ਨੂੰ ਪ੍ਰੋਤਸਾਹਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪੀ.ਐਚ.ਡੀ. ਪ੍ਰੋਗਰਾਮ ਵਿਦਿਆਰਥੀਆਂ ਨੂੰ ਇੰਟਰਡਿਸਿਪਲੀਨਰੀ ਖੋਜ ਦੇ ਬਿਹਤਰੀਨ ਮੌਕੇ ਪ੍ਰਦਾਨ ਕਰੇਗਾ। ਯੂਨੀਵਰਸਿਟੀ ਵੱਲੋਂ ਰਿਸਰਚ ਸਕੋਲਰਾਂ ਨੂੰ ਆਧੁਨਿਕ ਸੁਵਿਧਾਵਾਂ ਅਤੇ ਮਾਹਰ ਅਕਾਦਮਿਕਾਂ ਵੱਲੋਂ ਉਚਿਤ ਮਾਰਗਦਰਸ਼ਨ ਮੁਹੱਈਆ ਕਰਵਾਇਆ ਜਾਵੇਗਾ। ਇਸ ਮੌਕੇ ਡਾ. ਨਵਲੀਨ ਮੁਲਤਾਨੀ, ਡੀਨ ਰਿਸਰਚ, ਨੇ ਕਿਹਾ ਕਿ ਯੂਨੀਵਰਸਿਟੀ ਖੋਜ ਨੈਤਿਕਤਾ, ਨਵੀਨਤਾ ਅਤੇ ਗੁਣਵੱਤਾ ‘ਤੇ ਵਿਸ਼ੇਸ਼ ਜ਼ੋਰ ਦੇਵੇਗੀ। ਉਨ੍ਹਾਂ ਨੇ ਦੱਸਿਆ ਕਿ ਯੂਨੀਵਰਸਿਟੀ ਖੋਜ ਦੇ ਖੇਤਰ ਵਿੱਚ ਉੱਚ ਮਿਆਰ ਸਥਾਪਿਤ ਕਰਨ ਲਈ ਵਚਨਬੱਧ ਹੈ। ਪ੍ਰੋ. ਬਲਜੀਤ ਸਿੰਘ ਖਹਿਰਾ, ਰਜਿਸਟਰਾਰ; ਡਾ. ਅਮਿਤੋਜ ਸਿੰਘ, ਐਸੋਸੀਏਟ ਡੀਨ ਅਕਾਦਮਿਕ ਮਾਮਲੇ; ਡਾ. ਕੁਲਦੀਪ ਵਾਲੀਆ, ਡਾਇਰੈਕਟਰ, CIQA ਸਮੇਤ ਯੂਨੀਵਰਸਿਟੀ ਦੀ ਫੈਕਲਟੀ ਹਾਜ਼ਰ ਸੀ। ਯੂਨੀਵਰਸਿਟੀ ਵੱਲੋਂ ਪੀ.ਐਚ.ਡੀ. ਪ੍ਰੋਗਰਾਮ ਅਧੀਨ ਅੰਗਰੇਜ਼ੀ, ਪੰਜਾਬੀ, ਕੰਪਿਊਟਰ, ਇਤਿਹਾਸ, ਸਮਾਜਸ਼ਾਸਤਰ, ਅਰਥਸ਼ਾਸਤਰ, ਪ੍ਰਬੰਧਨ ਅਤੇ ਵਪਾਰ (ਮੈਨੇਜਮੈਂਟ ਐਂਡ ਕਾਮਰਸ) ਵੱਖ-ਵੱਖ ਵਿਸ਼ਿਆਂ ਵਿੱਚ ਦਾਖ਼ਲੇ ਕੀਤੇ ਜਾਣਗੇ। ਯੂਨੀਵਰਸਿਟੀ ਦੇ ਰਿਸਰਚ ਐਂਡ ਡਿਵੈਲਪਮੈਂਟ ਸੈੱਲ ਦੇ ਅਧੀਨ ਸਥਾਪਿਤ ਸੈਂਟਰ ਫ਼ਾਰ ਜੈਂਡਰ ਐਂਡ ਕਲਚਰ ਸਟਡੀਜ਼ ਰਾਹੀਂ ਵੱਖ-ਵੱਖ ਵਰਕਸ਼ਾਪਾਂ, ਸੈਮੀਨਾਰ, ਕਾਨਫਰੰਸਾਂ ਅਤੇ ਕੈਪੈਸਿਟੀ ਬਿਲਡਿੰਗ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਹ ਗਤੀਵਿਧੀਆਂ ਰਿਸਰਚ ਸਕੋਲਰਾਂ ਦੇ ਗਿਆਨ ਵਿੱਚ ਵਾਧਾ ਕਰਨ ਅਤੇ ਉਨ੍ਹਾਂ ਦੇ ਖੋਜ ਕਾਰਜਾਂ ਵਿੱਚ ਨਿਖਾਰ ਲਿਆਉਣ ਵਿੱਚ ਸਹਾਇਕ ਸਾਬਤ ਹੋਣਗੀਆਂ। ਪੀ.ਐਚ.ਡੀ. ਦਾਖ਼ਲਿਆਂ ਲਈ ਉਮੀਦਵਾਰ ਯੂਨੀਵਰਸਿਟੀ ਦੀ ਵੈੱਬਸਾਈਟ https://psouadm.samarth.edu.in/phd/test.php ਰਾਹੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

18/12/25

ਡਾਇਰੈਕਟਰ
ਲੋਕ ਸੰਪਰਕ

Director-Public Relations Cell
Jagat Guru Nanak Dev
Punjab State Open University
Patiala – 147001(PB) INDIA

**News Clips**



FRI,19 DECEMBER 2025
EDITION: PATIALA BANI, PAGE NO. 1

ਜਗ ਬਾਣੀ ਈ-ਪੇਪਰ

# ਓਪਨ ਯੂਨੀਵਰਸਿਟੀ ਵੱਲੋਂ ਪੀ. ਐੱਚ. ਡੀ. ਪ੍ਰਾਸਪੈਕਟਸ ਜਾਰੀ

ਪੀ. ਐੱਚ. ਡੀ. ਦਾ ਪ੍ਰਾਸਪੈਕਟਸ ਜਾਰੀ ਕਰਦੇ ਵੀ. ਸੀ. ਪ੍ਰੋ. ਡਾ. ਰਤਨ ਸਿੰਘ, ਨਾਲ ਅਧਿਆਪਕ। (ਜ਼ੈਦਰ)

ਪਟਿਆਲਾ, 18 ਦਸੰਬਰ (ਰਾਜੇਸ਼ ਪੰਜੌਲਾ)- ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵੱਲੋਂ ਪ੍ਰੋ. (ਡਾ.) ਰਤਨ ਸਿੰਘ ਵਾਈਸ ਚਾਂਸਲਰ ਦੀ ਯੋਗ ਅਗਵਾਈ ਹੇਠ ਜਨਵਰੀ 2026 ਲਈ ਯੂ. ਜੀ. ਸੀ. ਰੈਗੂਲੇਸ਼ਨਸ 2022 ਅਧੀਨ ਪੀ. ਐੱਚ. ਡੀ. ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਪ੍ਰੋ. (ਡਾ.) ਰਤਨ ਸਿੰਘ ਵੱਲੋਂ ਪੀ. ਐੱਚ. ਡੀ. ਪ੍ਰਾਸਪੈਕਟਸ ਜਾਰੀ ਕੀਤਾ ਗਿਆ।

ਪ੍ਰੋ. (ਡਾ.) ਰਤਨ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਦਾ ਮੁੱਖ ਉਦੇਸ਼ ਗੁਣਵੱਤਾ ਅਧਾਰਿਤ ਖੋਜ ਨੂੰ ਪ੍ਰੋਤਸਾਹਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪੀ. ਐੱਚ. ਡੀ. ਪ੍ਰੋਗਰਾਮ ਵਿਦਿਆਰਥੀਆਂ ਨੂੰ ਇੰਟਰਡਿਸਿਪਲੀਨਰੀ ਖੋਜ ਦੇ ਬਿਹਤਰੀਨ ਮੌਕੇ ਪ੍ਰਦਾਨ ਕਰੇਗਾ। ਯੂਨੀਵਰਸਿਟੀ ਵੱਲੋਂ ਰਿਸਰਚ ਸਕਾਲਰਾਂ ਨੂੰ ਆਧੁਨਿਕ ਸੁਵਿਧਾਵਾਂ ਅਤੇ ਮਾਹਰ ਅਕਾਦਮਿਕਾਂ ਵੱਲੋਂ ਉਚਿੱਤ ਮਾਰਗਦਰਸ਼ਨ ਮੁਹੱਈਆ ਕਰਵਾਇਆ ਜਾਵੇਗਾ।

ਇਸ ਮੌਕੇ ਡਾ. ਨਵਲੀਨ ਮੁਲਤਾਨੀ ਡੀਨ ਰਿਸਰਚ ਨੇ ਕਿਹਾ ਕਿ ਯੂਨੀਵਰਸਿਟੀ ਖੋਜ ਨੈਤਿਕਤਾ, ਨਵੀਨਤਾ ਅਤੇ ਗੁਣਵੱਤਾ 'ਤੇ ਵਿਸ਼ੇਸ਼ ਜ਼ੋਰ ਦਵੇਗੀ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਖੋਜ ਦੇ ਖੇਤਰ 'ਚ ਉੱਚ ਮਿਆਰ ਸਥਾਪਿਤ ਕਰਨ ਲਈ ਵਚਨਬੱਧ ਹੈ। ਪ੍ਰੋ. ਬਲਜੀਤ ਸਿੰਘ ਖਹਿਰਾ ਰਜਿਸਟਰਾਰ, ਡਾ. ਅਮਿਤੋਜ ਸਿੰਘ ਐਸੋਸੀਏਟ ਡੀਨ ਅਕਾਦਮਿਕ ਮਾਮਲੇ, ਡਾ. ਕੁਲਦੀਪ ਵਾਲੀਆ ਡਾਇਰੈਕਟਰ ਸਮੇਤ ਯੂਨੀਵਰਸਿਟੀ ਦੀ ਫੈਕਲਟੀ ਹਾਜ਼ਰ ਸੀ। ਯੂਨੀਵਰਸਿਟੀ ਵੱਲੋਂ ਪੀ. ਐੱਚ. ਡੀ. ਪ੍ਰੋਗਰਾਮ ਅਧੀਨ ਅੰਗਰੇਜ਼ੀ, ਪੰਜਾਬੀ, ਕੰਪਿਊਟਰ, ਇਤਿਹਾਸ, ਸਮਾਜ ਸ਼ਾਸਤਰ, ਅਰਥਸ਼ਾਸਤਰ, ਪ੍ਰਬੰਧਨ ਅਤੇ ਵਪਾਰ (ਮੈਨੇਜਮੈਂਟ ਐਂਡ ਕਾਮਰਸ) ਵੱਖ-ਵੱਖ ਵਿਸ਼ਿਆਂ ਵਿਚ ਦਾਖਲੇ ਕੀਤੇ ਜਾਣਗੇ।

ਯੂਨੀਵਰਸਿਟੀ ਦੇ ਰਿਸਰਚ ਐਂਡ ਡਿਵੈਲਪਮੈਂਟ ਸੈੱਲ ਅਧੀਨ ਸਥਾਪਿਤ ਸੈਂਟਰ ਫਾਰ ਜ਼ੈਂਡਰ ਐਂਡ ਕਲਚਰ ਸਟਡੀਜ਼ ਰਾਹੀਂ ਵੱਖ-ਵੱਖ ਵਰਕਸ਼ਾਪਾਂ, ਸੈਮੀਨਾਰ, ਕਾਨਫਰੰਸਾਂ ਅਤੇ ਕੈਪੇਸਿਟੀ ਬਿਲਡਿੰਗ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ। ਇਹ ਗਤੀਵਿਧੀਆਂ ਰਿਸਰਚ ਸਕੋਲਰਾਂ ਦੇ ਗਿਆਨ 'ਚ ਵਾਧਾ ਕਰਨ ਅਤੇ ਉਨ੍ਹਾਂ ਦੇ ਖੋਜ ਕਾਰਜਾਂ 'ਚ ਨਿਖਾਰ ਲਿਆਉਣ 'ਚ ਸਹਾਇਕ ਸਾਬਤ ਹੋਣਗੀਆਂ। ਪੀ. ਐੱਚ. ਡੀ. ਦਾਖਲਿਆਂ ਲਈ ਉਮੀਦਵਾਰ ਯੂਨੀਵਰਸਿਟੀ ਦੀ ਵੈੱਬਸਾਈਟ ਰਾਹੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।



पंजाब केसरी

FRI,19 DECEMBER 2025
EDITION: PATIALA KESARI,

# ओपन यूनिवर्सिटी द्वारा पीएचडी प्रॉस्पैक्टस जारी

पटियाला, 18 दिसम्बर (राजेश पंजौला) : जगत गुरु नानक देव पंजाब स्टेट ओपन यूनिवर्सिटी, पटियाला द्वारा प्रो. (डॉ.) रतन सिंह, वाइस चांसलर के सक्षम नेतृत्व में जनवरी 2026 के लिए यू.जी.सी. रैगुलेशंस 2022 के तहत पी.एच.डी. कार्यक्रम की शुरूआत की गई। इस अवसर पर प्रो. (डॉ.) रतन सिंह ने पी.एच.डी. का प्रॉस्पैक्टस जारी किया।

प्रो. (डॉ.) रतन सिंह ने कहा कि विश्वविद्यालय का मुख्य उद्देश्य गुणवत्ता-आधारित शोध को प्रोत्साहित करना है। पी.एच.डी. कार्यक्रम विद्यार्थियों को इंटरडिसिप्लिनरी शोध के उत्कृष्ट अवसर प्रदान करेगा। विश्वविद्यालय द्वारा शोधार्थियों को आधुनिक सुविधाएं तथा विशेषज्ञ शिक्षाविदों के माध्यम से उचित मार्गदर्शन उपलब्ध कराया जाएगा।

**Photo**



## Links

https://www.facebook.com/61550941991641/posts/122306412794031399/?mibextid=rS40aB7S9Ucbxw6v

https://www.instagram.com/p/DSUyMwJj91U/?igsh=MTU2anBrbzE1M3l1MQ